ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 21/02

ਮਈ ਤੋਂ ਜੂਨ 2021 – ਨਾਨਕਸ਼ਾਹੀ ਬੈਸਾਖ ਤੋਂ ਹਾੜ 552

## ਇਤਿਹਾਸਿਕ ਦਿਹਾੜੇ

### ਮਈ ਅਤੇ ਜੂਨ 2021

| | |
|---|---|
| 400ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਤੇਗ ਬਹਾਦੁਰ ਜੀ | 01 ਮਈ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ | 03 ਮਈ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅੰਗਦ ਦੇਵ ਜੀ | 12 ਮਈ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਮਰਦਾਸ ਜੀ | 12 ਮਈ |
| ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 25 ਮਈ |
| ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ | 05 ਜੂਨ |
| ਜਨਮ ਦਿਹਾੜਾ ਭਗਤ ਕਬੀਰ ਜੀ | 14 ਜੂਨ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 24 ਜੂਨ |
| | 25 ਜੂਨ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥

**ਪ੍ਰਿੰ. ਨਰਿੰਦਰ ਬੀਰ ਸਿੰਘ**

ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 400 ਸਾਲਾਂ ਪ੍ਰਕਾਸ਼ ਨੂੰ ਦੇਸ਼ ਵਿਦੇਸ਼ਾਂ ਵਿੱਚ ਸਮੂੰਹ ਗੁਰੂ ਨਾਨਕ ਨਾਮ ਲੇਵਾ ਬੜੇ ਉੱਤਸ਼ਾਹ ਅਤੇ ਚਾਉ ਨਾਲ ਮਨਾ ਰਹੀਆਂ ਹਨ। ਇਹ ਮਹਾਨ ਪੁਰਬ ਸੰਗਤਾਂ ਨੂੰ ਚੜਦੀ ਕਲਾ ਵਿੱਚ ਰਹਿ ਕੇ ਅਪਣੇ ਅੰਦਰ ਗੁਰੂ ਸਾਹਿਬ ਰਾਹੀਂ ਦਰਸਾਏ ਸਹਿਜ, ਸੰਤੋਖ, ਤਿਆਗ ਵੈਰਾਗ ਅਤੇ ਭਾਣੇ ਨੂੰ ਮਿੱਠਾ ਮੰਨਣ ਦੇ ਪਾਏ ਪੂਰਨਿਆ ਤੇ ਚਲਣ ਲਈ ਪ੍ਰੇਰਨਾ ਦਿੰਦਾ ਹੈ।

ਗੁਰੂ ਤੇਗ ਬਹਾਦੁਰ ਪਾਤਸ਼ਾਹ ਨੇ ਉਪਰੋਕਤ ਸਿਧਾਂਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 15 ਰਾਗਾਂ ਵਿੱਚ ਅੰਕਿਤ 59 ਸ਼ਬਦ ਅਤੇ 57 ਸ਼ਲੋਕਾਂ ਰਾਹੀਂ ਮਨੁਖਤਾ ਦੀ ਚੋਲੀ ਵਿੱਚ ਪਾਏ। ਵਿਸ਼ੇਸ਼ ਨੋਟ ਕਰਨ ਵਾਲੀ ਗੱਲ ਇਹ ਕਿ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਬਾਣੀ ਮਨ ਨੂੰ ਸੰਬੋਧਨ ਕਰਦੀ ਹੈ, ਮਨ ਦੀ ਦ੍ਰਿੜਤਾ ਕਾਇਮ ਕਰਦੀ ਹੈ, ਮਨ ਨੂੰ ਸਮਝਾਉਂਦੀ ਹੈ ਅਤੇ ਮਨ ਨੂੰ ਮਾਇਆ ਦੀ ਨਾਸ਼ ਮਾਨਤਾ ਤੋਂ ਜਾਗਰੂਕ ਕਰਦੇ ਹੋਏ ਅਕਾਲ ਪੁਰਖ ਸਰਬ ਸ਼ਕਤੀਮਾਨ ਨਾਲ ਜੋੜਦੀ ਹੈ। ਗੁਰੂ ਸਾਹਿਬ ਦੇ ਇਹਨਾਂ ਮਹਾਨ ਪਰਉਪਕਾਰਾਂ ਨੂੰ ਮਨੁੱਖ ਭੁਲ ਕੇ ਮਨ ਦੇ ਪਿੱਛੇ ਲੱਗ ਜੀਵਨ ਵਿਅਰਥ ਹੀ ਗਵਾ ਦਿੰਦਾ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ-

**ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥**

**ਦੇਵਗੰਧਾਰੀ (ਮਃ ੯) - ਅੰਗ ੫੩੬**

ਅਰਥਾਤ ਇਸ ਮੂਰਖ ਮਨ ਨੂੰ ਸਮਝਾਉਂਦਿਆਂ-ਸਮਝਾਉਂਦਿਆਂ, ਨਿਤ ਪ੍ਰਤੀ ਗੁਰੂ ਦੀ ਸਿਖਿਆ ਰਾਹੀਂ ਜੀਵਨ ਦੀ ਸੱਚੀ-ਸੁੱਚੀ ਜੁਗਤਿ ਸਮਝਾਉਂਦਿਆਂ ਥੱਕ ਜਾਈਦਾ ਹੈ ਪਰ ਇਹ ਮਨ ਕੁਝ ਵੀ ਸਮਝ ਕੇ ਜੀਵਨ ਵਿੱਚ ਚਲਨ ਲਈ ਤਿਆਰ ਨਹੀਂ ਹੁੰਦਾ।

ਗੁਰੂ ਤੇਗ ਬਹਾਦੁਰ ਪਾਤਸ਼ਾਹ ਨੇ ਮਨ ਨੂੰ ਬਾਰ-ਬਾਰ ਸੰਬੋਧਨ ਕੀਤਾ ਹੈ ਜਿਸਦਾ ਕਾਰਨ ਹੈ ਕਿ ਇਹ ਮਨ ਅਪਣੀ ਪੁਰਾਣੀ ਆਦਤ ਨੂੰ ਕਦੇ ਵੀ ਛੋੜਨ ਲਈ ਤਿਆਰ ਨਹੀਂ ਹੁੰਦਾ। ਗੁਰੂ ਤੇਗ ਬਹਾਦੁਰ ਪਾਤਸ਼ਾਹ ਇਸ ਮਨ ਦੇ ਸੁਭਾਉ ਨੂੰ ਚੰਗੀ ਤਰ੍ਹਾਂ ਸਮਝ ਗਏ ਸਨ ਅਤੇ ਅਸਾਂ ਸੰਸਾਰੀ ਮਨੁੱਖ ਨੂੰ ਉਸੇ ਤੋਂ ਜਾਣੂ ਕਰਾ ਅਪਣੇ ਮਨ ਨੂੰ ਗੁਰੂ ਹਵਾਲੇ ਕਰ ਜਨਮ ਸਫਲ ਕਰਨ ਦੀ ਪ੍ਰੇਰਨਾ ਦਿੰਦੇ ਹਨ।

ਆਉ, ਹੁਣ ਅਸੀਂ ਇਸ ਮਨ ਦੇ ਸੁਭਾਉ ਨੂੰ ਥੋੜਾ ਸਮਝਣ ਲਈ ਯਤਨ ਕਰੀਏ ਅਤੇ ਅਪਣੇ ਅੰਦਰ ਦੀ ਪੜਚੋਲ ਕਰ ਗੁਰੂ ਤੇਗ ਬਹਾਦੁਰ ਪਾਤਸ਼ਾਹ ਤੋਂ ਜੀਵਨ ਦੀ ਸੇਧ ਪ੍ਰਾਪਤ ਕਰਨ ਲਈ ਯਤਨਸ਼ੀਲ ਹੋਈਏ।

**ਮਨ ਦਾ ਸੁਭਾਉ ਪਾਣੀ ਵਰਗਾ** :- ਪਾਣੀ ਦਾ ਅਪਣਾ ਕੋਈ ਰੂਪ ਨਹੀਂ ਹੁੰਦਾ, ਕੋਈ ਆਕਾਰ ਨਹੀਂ ਹੁੰਦਾ। ਉਸ ਵਿੱਚ ਜਿਹੜਾ ਰੰਗ ਪਾ ਦਈਏ ਉਹੋ ਜਿਹਾ ਹੋ ਜਾਂਦਾ ਹੈ। ਜਿਹੋ ਜਿਹੇ ਭਾਂਡੇ ਵਿੱਚ ਪਾ ਦਈਏ ਉਸਦਾ ਹੀ ਰੂਪ ਧਾਰਨ ਕਰ ਲੈਂਦਾ ਹੈ। ਅਤੇ ਸਭ ਤੋਂ ਵੱਡੀ ਗੱਲ ਕਿ ਮਨੁੱਖੀ ਮਨ ਹਮੇਸ਼ਾ ਨਿਵਾਣ ਨੂੰ ਜਾਂਦਾ ਹੈ। ਬੁਰੇ ਕੰਮ ਕਰਨ ਲਈ ਹਮੇਸ਼ਾ ਤੱਤਪਰ ਰਹਿੰਦਾ ਹੈ ਪਰ ਸ਼ੁਭ ਕਰਮਾਂ ਨੂੰ ਕਰਨ ਲਗੇ ਡੂੰਘੀ ਸੋਚ ਵਿੱਚ ਪੈ ਜਾਂਦਾ ਹੈ। ਗੁਰਬਾਣੀ ਦਾ ਫੁਰਮਾਨ ਹੈ-

**ਬੁਰੇ ਕਾਮ ਕਉ ਊਠਿ ਖਲੋਇਆ ॥**
**ਨਾਮ ਕੀ ਬੇਲਾ ਪੈ ਪੈ ਸੋਇਆ ॥੧॥**
**ਅਉਸਰੁ ਅਪਨਾ ਬੂਝੈ ਨ ਇਆਨਾ ॥**
**ਮਾਇਆ ਮੋਹ ਰੰਗਿ ਲਪਟਾਨਾ॥੧॥ਰਹਾਉ॥ਸੂਹੀ (ਮਃ ੫) ਅੰਗ ੭੩੮**

**ਮਨ ਦਾ ਸੁਭਾਉ ਇੱਕ ਖੋਤੇ ਵਰਗਾ ਹੈ** - ਜਿਵੇਂ ਖੋਤਾ ਹਰ ਵੇਲੇ ਦੁੱਲਤੀਆਂ ਮਾਰਦਾ ਰਹਿੰਦਾ ਹੈ ਉਸੇ ਪ੍ਰਕਾਰ ਮਨ ਵੀ ਹਮੇਸ਼ਾ ਵਿਕਾਰਾਂ ਵਿੱਚ ਫੱਸ ਦੁਲਤਿਆਂ ਹੀ ਮਾਰਦਾ ਹੈ। ਖੋਤੇ ਉੱਪਰ ਭਾਰ ਲਦਣ ਲਗੇ ਉਸਦੀਆਂ ਲੱਤਾਂ ਵਿੱਚ ਪੈਖਰ (ਢੰਗਾਂ) ਪਾਇਆ ਜਾਂਦਾ ਹੈ ਤਾਂ ਹੀ ਭਾਰ ਪਾਕੇ ਇਸ ਨੂੰ ਤੋਰਿਆ ਜਾ ਸਕਦਾ ਹੈ।

ਗੁਰਬਾਣੀ ਦਾ ਫਰਮਾਣ -

**ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥**
**ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥੧॥ ਰਹਾਉ ॥**
**ਬਿਲਾਵਲੁ (ਮਃ ੫) - ਅੰਗ ੮੧੫**

ਇਸ ਲਈ ਮਨ ਨੂੰ ਗੁਰੂ ਦੇ ਹੁਕਮਾਂ ਦੇ ਪੈਖਰ ਨਾਲ ਬੰਨ ਨਾਮ ਲਦ ਕੇ ਹੀ ਇਸ ਨੂੰ ਕਾਬੂ ਕੀਤਾ ਜਾ ਸਕਦਾ ਹੈ। ਨਹੀਂ ਤਾਂ ਇਹ ਮਨੁੱਖ ਨੂੰ ਕੁਰਾਹੇ ਪਾ ਦੇਂਦਾ ਹੈ।

**ਮਨ ਦਾ ਸੁਭਾਉ ਹਾਥੀ ਵਰਗਾ** - ਹਾਥੀ ਦਾ ਆਕਾਰ ਬਹੁਤ ਵੱਡਾ ਹੈ, ਤਾਕਤਵਰ ਵੀ ਹੈ ਜੋ ਹੰਕਾਰ ਦਾ ਸੂਚਕ ਹੈ। ਇਹ ਕਿਸੇ ਤੋਂ ਕਾਬੂ ਨਹੀਂ ਆਉਂਦਾ। ਇਸ ਨੂੰ ਕਾਬੂ ਕਰਨ ਦਾ ਇੱਕੋ ਇੱਕ ਤਰੀਕਾ ਹੈ ਕਿ ਇਹ ਕਿਸੇ ਚੰਗੇ ਮਹਾਵਤ ਦੇ ਕੁੰਡੇ ਥਲੇ ਜਾਵੇ ਫਿਰ ਇਸ ਤੋਂ ਅਨੇਕਾਂ ਕੰਮ ਲਏ ਜਾ ਸਕਦੇ। ਪਰ ਜੇ ਹਾਥੀ ਕੁੰਡੇ ਤੋਂ ਬਾਹਰ ਹੋ ਜਾਵੇ ਉਹ ਕਾਬੂ ਨਹੀਂ ਆਉਂਦਾ ਅਤੇ ਇੱਥੇ ਤੱਕ ਕਿ ਕਈ ਵਾਰ ਮਹਾਵਤ ਨੂੰ ਥਲੇ ਸੁਟ ਕੁਚਲ ਦੇਂਦਾ ਹੈ। ਇਸ ਸੰਬੰਧੀ ਗੁਰਬਾਣੀ ਦਾ ਫੁਰਮਾਨ ਹੈ -

**ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ ॥**
**ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ ॥੨॥**
**- ਗੂਜਰੀ ਕੀ ਵਾਰ:੧ (ਮਃ ੩) - ਅੰਗ ੫੧੬**

ਉਪਰੋਕਤ ਤੋਂ ਸੇਧ ਲਈਏ - ਇਸ ਮਨ ਹਾਥੀ ਨੂੰ ਗੁਰੂ ਮਹਾਵਤ ਦੇ ਹਵਾਲੇ

ਕਰ ਦਈਏ । ਗੁਰੂ ਕੋਲ ਗਿਆਨ ਦਾ ਕੁੰਡਾ ਹੈ ਜਿਸ ਰਾਹੀ ਇਸ ਮਨ ਨੇ ਕਾਬੂ ਹੋਣਾ ਹੈ । ਫਿਰ ਇਹ ਮਨ ਗੁਰੂ ਦੇ ਹੁਕਮ ਨੂੰ ਮੰਨ ਸਹੀ ਰਾਹ ਤੇ ਤੁਰ ਪਏਗਾ । ਪਰ ਜੇ ਗੁਰੂ ਦੇ ਗਿਆਨ ਕੁੰਡੇ ਥਲੋਂ ਇਹ ਮਨ ਨਿਕਲ ਗਿਆ ਤਾਂ ਫਿਰ ਇਹ ਮਨ ਉਜਾੜ ਹੀ ਪਾਵੇਗਾ । ਸਾਡੇ ਜੀਵਨ ਨੂੰ ਤਬਾਹ ਕਰ ਦੇਵੇਗਾ । ਜੈਸੇ ਕਿ ਉਪਰ ਫੁਰਮਾਨ ਹੈ ।

**ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ ॥੨॥**

**ਗੂਜਰੀ ਕੀ ਵਾਰ:੧ (ਮ: ੩) – ਅੰਗ ੫੧੬**

**ਮਨ ਦਾ ਸੁਭਾਉ ਪੰਖੀ ਵਰਗਾ** – ਭਗਤ ਕਬੀਰ ਜੀ ਸ਼ਲੋਕਾਂ ਵਿੱਚ ਇਸ ਮਨ ਦੀ ਅਵਸਥਾ ਨੂੰ ਇਉਂ ਅੰਕਿਤ ਕਰਦੇ ਹਨ :

**ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥**
**ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥**

**ਸਲੋਕ (ਭ. ਕਬੀਰ) – ਅੰਗ ੧੩੬੯**

ਮਨ ਪੰਖੀ ਵਾਂਗੂ ਜਗਹ-ਜਗਹ ਤੇ ਉਡਿ-ਉਡਿ ਕੇ ਜਾਂਦਾ ਹੈ ਅਤੇ ਜਿਹੋ ਜਿਹੀ ਸੰਗਤਿ ਪ੍ਰਾਪਤ ਹੁੰਦੀ ਹੈ ਉਹੋ ਜਿਹਾ ਹੀ ਫੱਲ ਮਿਲ ਜਾਂਦਾ ਹੈ । ਇਸੇ ਪ੍ਰਕਾਰ ਇਹ ਜੀਵ ਮਨ ਮਾਇਆ ਦੇ ਪਿੱਛੇ ਲੱਗ ਥਾਂ-ਥਾਂ ਭਟਕਦਾ ਹੈ ਅਤੇ ਅਪਣੇ ਜੀਵਨ ਨੂੰ ਵਿਕਾਰਾਂ ਵਿੱਚ ਫਸ ਵਿਕਾਰੀ ਹੋ ਜਾਂਦਾ ਹੈ ।

ਉਪਰੋਕਤ ਤੋਂ ਸਪਸ਼ਟ ਹੁੰਦਾ ਹੈ ਕਿ ਮਨ ਦੀ ਭਟਕਣਾ ਦਾ ਮੁੱਖ ਕਾਰਣ ਉਸਦਾ ਵੱਖ-ਵੱਖ ਤਰ੍ਹਾਂ ਦਾ ਸੁਭਾਉ ਹੈ ।

ਸ੍ਰੀ ਗੁਰੂ ਤੇਗ ਬਹਾਦੁਰ ਪਾਤਸ਼ਾਹ ਜੀ ਮਨੁੱਖ ਦੀ ਇਸ ਮਨੋਵਿਗਿਆਨਿਕ ਅਵਸਥਾ ਨੂੰ ਚੰਗੀ ਤਰ੍ਹਾਂ ਸਮਝ ਕੇ ਅਪਨੀ ਬਾਣੀ ਵਿੱਚ ਤਰ੍ਹਾਂ-ਤਰ੍ਹਾਂ ਨਾਲ ਮਨ ਨੂੰ ਸੰਬੋਧਨ ਕਰਦੇ ਹਨ ਅਤੇ ਸਮਝਾਉਂਦੇ ਹਨ ਕਿ ਕਿਵੇਂ ਪ੍ਰਭੂ ਪ੍ਰਮਾਤਮਾਂ ਦੀ ਯਾਦ ਬਣਾਉਣੀ ਹੈ ਅਤੇ ਅਪਣਾ ਜਨਮ ਸਵਾਰਨਾ ਹੈ । ਮਾਇਆ ਦੇ ਪ੍ਰਭਾਉ ਤੋਂ ਬੱਚਿਆ ਜਾ ਸਕਦਾ ਹੈ ।

ਬਾਰ-ਬਾਰ ਮਨ ਨੂੰ ਸੰਬੋਧਨ ਕਰਕੇ ਗੁਰੂ ਮਹਾਰਾਜ ਸਾਨੂੰ ਜੀਵਨ-ਜੁਗਤਿ ਸਿਖਾਉਂਦੇ ਦ੍ਰਿੜ ਕਰਵਾਉਂਦੇ ਹਨ । ਮਨ ਨੂੰ ਝੰਝੋੜਦੇ ਫੁਰਮਾਉਂਦੇ ਹਨ :-

**ਮਨ ਰੇ ਕਉਨੁ ਕੁਮਤਿ ਤੈ ਲੀਨੀ ॥**
**ਪਰ ਦਾਰਾ ਨਿੰਦਿਆ ਰਸ ਰਚਿਓ**
**ਰਾਮ ਭਗਤਿ ਨਹਿ ਕੀਨੀ ॥੧॥ ਰਹਾਉ ॥**
**ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥**
**ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥੧॥**

**ਸੋਰਠਿ (ਮ: ੯) – ਅੰਗ ੬੩੨**

ਮਨ ਰੇ ਕਹਾ ਭਇਓ ਤੈ ਬਉਰਾ ॥
ਅਹਿਨਿਸਿ ਅਉਧ ਘਟੈ ਨਹੀ
ਜਾਨੈ ਭਇਓ ਲੋਭ ਸੰਗਿ ਹਉਰਾ ॥੧॥ ਰਹਾਉ ॥
ਗਉੜੀ (ਮਃ ੯) – ਅੰਗ ੨੨੦

ਮਾਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ ॥
ਚਲਦਿਆ ਨਾਲਿ ਨ ਚਲਈ ਸਭੁ ਝੂਠੁ ਦਰਬੁ ਲਖਾ ॥
ਮਾਰੂ ਵਾਰ:੧ (ਮਃ ੩) – ਅੰਗ ੧੦੮੯

ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥
ਦੇਵਗੰਧਾਰੀ (ਮਃ ੯) – ਅੰਗ ੫੩੬

ਪ੍ਰਸ਼ਨ ਉਠਦਾ ਹੈ ਸਭ ਤੋਂ ਵੱਡਾ ਮੂਰਖ ਕੌਨ ਹੈ ਜਿਸਨੂ ਸਮਝਾਉਣਾ ਹੈ – ਇਸ ਨੂੰ ਗੁਰਬਾਣੀ ਇਉਂ ਸਪਸ਼ਟ ਰੂਪ ਵਿੱਚ ਸਾਡੀ ਝੋਲੀ ਵਿੱਚ ਪਾਉਂਦੀ ਹੈ ।

ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥
ਮਾਰੂ (ਮਃ ੧)–ਅੰਗ ੧੦੧੫

ਕਿਉਂ ਨਹੀਂ ਮਨਦਾ –

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩੦॥
– ਸਲੋਕ (ਮਃ ੯) – ਅੰਗ ੧੪੨੮

ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ ॥
ਸਹ ਦੇਖੇ ਬਿਨੁ ਪ੍ਰੀਤਿ ਨ ਊਪਜੈ ਅੰਧਾ ਕਿਆ ਕਰੇਇ ॥
– ਸਿਰੀਰਾਗੁ ਕੀ ਵਾਰ (ਮਃ ੩) – ਅੰਗ ੮੩

ਕੋਊ ਮਾਈ ਭੂਲਿਓ ਮਨੁ ਸਮਝਾਵੈ ॥
ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ
ਨ ਹਰਿ ਗੁਨ ਗਾਵੈ ॥੧॥ ਰਹਾਉ ॥ ਗਉੜੀ (ਮਃ ੯) – ਅੰਗ ੨੨੦

ਮਨੁੱਖ ਵੇਦਾਂ ਸ਼ਾਸਤ੍ਰਾਂ ਅਤੇ ਹੋਰ ਅਨੇਕਾਂ ਧਾਰਮਿਕ ਗ੍ਰੰਥਾਂ ਦੇ ਗਿਆਨ ਨੂੰ ਪੜਦਾ ਸੁਣਦਾ ਹੈ ਪਰ ਉਸ ਅੰਦਰ ਜੋ ਗਿਆਨ ਪ੍ਰਕਾਸ਼ ਰੂਪ ਹੈ ਜਿਸ ਨਾਲ ਉਸਦਾ ਨਿਸਤਾਰਾ ਹੋਣਾ ਹੈ, ਉਸ ਨੂੰ ਗ੍ਰਹਿਣ ਨਹੀਂ ਕਰਦਾ । ਬਲਕਿ ਉਹ ਉਸ ਪੜੇ ਸੁਣੇ ਦਾ ਅੰਹਕਾਰ ਹੀ ਕਰਨ ਲਗ ਜਾਂਦਾ ਹੈ ਅਤੇ ਇਉਂ ਹੀ ਜਾਣੋ ਜਿਵੇਂ ਕਿਸੇ ਖੋਤੇ ਤੇ ਭਾਰ ਲੱਦਿਆ ਹੋਵੇ । ਉਸ ਲਈ ਚੰਦਨ ਲੱਦਿਆ ਹੋਵੇ ਜਾਂ ਲੋਹਾ ਉਸ ਵਾਸਤੇ ਤਾਂ ਭਾਰ ਹੀ ਹੈ । ਇਸ ਨੂੰ ਇਉਂ ਬਾਣੀ ਫੁਰਮਾਨ ਕਰਦੀ ਹੈ ।

**ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥**
**ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥੧॥**
**ਮਾਰੂ (ਭ. ਕਬੀਰ) – ਅੰਗ ੧੧੦੩**

ਉਪਰੋਕਤ ਅਵਸਥਾ ਚੋਂ ਨਿਕਲਣ ਲਈ ਗੁਰੂ ਤੇਗ ਬਹਾਦੁਰ ਸਾਹਿਬ ਮਨੁਖਤਾ ਨੂੰ ਇਉਂ ਜੀਵਨ ਸੇਧ ਬਖਸ਼ਦੇ ਹਨ।

**ਸਾਧੋ ਮਨ ਕਾ ਮਾਨੁ ਤਿਆਗਉ ॥**
**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ**
**ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥ਗਉੜੀ (ਮਃ ੯) ੨੧੯**

ਇਸ ਸ਼ਬਦ ਵਿੱਚ ਗੁਰੂ ਸਾਹਿਬ ਜੀਵਨ ਨੂੰ ਸੁਚੱਜਾ ਬਣਾਉਣ ਲਈ ਉਪਦੇਸ਼ ਕਰਦੇ ਹਨ ਕਿ ਹੇ ਭਾਈ, ਅਪਣੇ ਪੜੇ ਗੁੜੇ ਗਿਆਨ ਧੰਨ ਪਦਾਰਥ ਉੱਚੀ ਪਦਵੀ ਅਤੇ ਹੋਰ ਕਿਸੇ ਕਿਸਮ ਦੀ ਪ੍ਰਾਪਤੀ ਦਾ ਮਾਣ ਨ ਕਰ। ਇਸ ਨੂੰ ਪ੍ਰਭੂ ਪ੍ਰਮਾਤਮਾਂ ਦੀ ਬਖਸ਼ਿਸ਼ ਸਮਝ ਕੇ ਵਰਤ। ਇਸ ਗਿਆਨ ਵਿੱਚੋਂ ਇਹ ਦ੍ਰਿੜ ਕਰ ਕਿ ਤੇਰੇ ਅੰਦਰੋਂ ਕਾਮ, ਕ੍ਰੋਧ ਅਤੇ ਭੈੜੀ ਸੰਗਤਿ ਕਰਨ ਦੀ ਬਿਰਤੀ ਦੂਰ ਹੋ ਜਾਵੇ। ਇਹਨਾਂ ਅਉਗੁਣਾ ਤੋਂ ਦਿਨ-ਰਾਤ ਅਪਣੇ ਆਪ ਨੂੰ ਦੂਰ ਕਰਨ ਦਾ ਯਤਨ ਕਰ। ਇਸ ਲਈ ਗੁਰੂ ਦਾ ਫਿਰ ਉਪਦੇਸ਼ ਹੈ-

**ਸਾਧੋ ਗੋਬਿੰਦ ਕੇ ਗੁਨ ਗਾਵਉ ॥**
**ਮਾਨਸ ਜਨਮੁ ਅਮੋਲਕੁ ਪਾਇਓ**
**ਬਿਰਥਾ ਕਾਹਿ ਗਵਾਵਉ ॥੧॥ ਰਹਾਉ ॥ ਗਉੜੀ (ਮਃ ੯) ੨੧੯**

ਮਨੁੱਖ ਨੂੰ ਸੁਚੇਤ ਕਰਦਿਆਂ ਕਿ ਇਹ ਮਨੁੱਖਾ ਜਨਮ ਅਮੋਲਕ ਹੈ ਜੋ ਬੜੀ ਮੁਸ਼ਕਿਲ ਨਾਲ ਪ੍ਰਾਪਤ ਹੋਇਆ ਹੈ ਇਸ ਨੂੰ ਕਾਮ ਕ੍ਰੋਧ ਭੈੜੀ ਸੰਗਤਿ ਵਿੱਚ ਪੈ ਕੇ ਵਿਅਰਥ ਹੀ ਨ ਗਵਾ। ਬਲਕਿ ਉਸ ਅਕਾਲ ਪੁਰਖ ਦੇ ਗੁਨ ਗਾ ਜਿਸ ਨਾਲ ਤੇਰਾ ਜਨਮ ਸਕਾਰਥ ਹੋ ਜਾਵੇ। ਤੇਰੇ ਅੰਦਰ ਟਿਕਾ ਬਣ ਜਾਵੇ ਅਤੇ ਤੇਰਾ ਬੇਦਾਂ, ਸ਼ਾਸਤ੍ਰਾਂ, ਪੁਰਾਨਾ ਅਤੇ ਹੋਰ ਧਰਮ ਗ੍ਰੰਥਾਂ ਦਾ ਪੜਿਆ ਗਿਆਨ ਦਾ ਇਹ ਸਿੱਟਾ ਨਿਕਲੇ ਕਿ -

**ਸਾਧੋ ਰਾਮ ਸਰਨਿ ਬਿਸਰਾਮਾ ॥**
**ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥੧॥ ਰਹਾਉ ॥**
**- ਗਉੜੀ (ਮਃ ੯) – ਅੰਗ ੨੨੦**

**ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥**
**ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥੧॥ ਰਹਾਉ ॥**
**- ਸੋਰਠਿ (ਮਃ ੯) – ਅੰਗ ੬੩੧**

**ਅਰਥਾਤ**

ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥
ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ ॥੧॥ ਰਹਾਉ ॥
ਤਿਲੰਗ (ਮਃ ੯) – ਅੰਗ ੭੨੭

ਗੁਰੂ ਪਾਤਸ਼ਾਹ ਮਨੁੱਖ ਨੂੰ ਸਮਝਾਉਂਦੇ ਹੋਏ ਕਿ ਪ੍ਰਭੂ ਦਾ ਸਿਮਰਨ ਕਰ, ਪ੍ਰਭੂ ਦੇ ਗੁਨ ਗਾ ਜੋ ਕੇਵਲ ਤੇਰੇ ਅਸਲੀ ਅੰਤ ਸਮੇਂ ਸੰਗੀ ਹਨ। ਨਾਲ ਹੀ ਚਿਤਾਵਨੀ ਦੇ ਕੇ ਸੁਚੇਤ ਕਰਦੇ ਹਨ ਕਿ ਇਹ ਅਮੋਲਕ ਅਵਸਰ ਬੀਤਦਾ ਜਾ ਰਿਹਾ ਹੈ – ਇਸ ਸਮੇਂ ਨੂੰ ਸੰਭਾਲ ਲੈ ਮੇਰਾ ਕਹਿਆ ਮਨ ਲੈ। ਫਿਰ ਜੈਜਾ ਵੰਤੀ ਰਾਗ ਵਿੱਚ ਗੁਰੂ ਮਹਾਰਾਜ ਫੁਰਮਾਉਂਦੇ ਹਨ।

ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ ॥
ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥
ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥੧॥ ਰਹਾਉ ॥
ਜੈਜਾਵੰਤੀ (ਮਃ ੯) – ਅੰਗ ੧੩੫੩

ਇਸ ਲਈ ਭਾਈ

ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ ॥
ਕਹਉ ਕਹਾ ਬਾਰ ਬਾਰ ਸਮਝਤ ਨਹ ਕਿਉ ਗਵਾਰ ॥
ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ ॥੧॥ ਰਹਾਉ ॥
– ਜੈਜਾਵੰਤੀ (ਮਃ ੯) – ਅੰਗ ੧੩੫੨

ਅਰਥਾਤ

ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥
ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥੧॥ ਰਹਾਉ ॥
– ਜੈਜਾਵੰਤੀ (ਮਃ ੯) – ਅੰਗ ੧੩੫੨

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥
– ਸਲੋਕ (ਮਃ ੯) – ਅੰਗ ੧੪੨੬

ਆਓ ਅੱਜ ਗੁਰੂ ਤੇਗ ਬਹਾਦੁਰ ਪਾਤਸ਼ਾਹ ਦੇ 400 ਸਾਲਾਂ ਪ੍ਰਕਾਸ਼ ਗੁਰਪੁਰਬ ਨੂੰ ਮਨਾਉਂਦੇ ਹੋਏ ਗੁਰੂ ਦੁਆਰਾ ਮਨ ਨੂੰ ਸੰਬੋਧਨ ਕਰਕੇ ਸਾਨੂੰ ਜੀਵਨ ਵਿੱਚ ਸੁਚੇਤ ਰਹਿ ਕੇ ਪ੍ਰਭੂ ਪ੍ਰਮਾਤਮਾ ਨਾਲ ਜੁੜਨ ਦਾ ਯਤਨ ਕਰਨਾ ਹੈ ਅਤੇ ਇਸ ਚਿਤਾਵਨੀ ਨੂੰ ਹਮੇਸ਼ਾ ਯਾਦ ਰਖਣਾ ਹੈ ਤਾਂ ਜੋ ਸਾਡਾ ਮਨਾਇਆ ਗੁਰਪੁਰਬ ਸਫਲ ਹੋਵੇ –

ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥
ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥੧॥ ਰਹਾਉ ॥
– ਤਿਲੰਗ (ਮਃ ੯) – ਅੰਗ ੭੨੬

ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥
ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥੧॥ ਅੰਗ ੭੨੬

ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥
ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥੨॥੧॥
ਤਿਲੰਗ (ਮਃ ੯) – ਅੰਗ ੭੨੬

ਅਰਥਾਤ

ਜਗਤ ਮੈ ਝੂਠੀ ਦੇਖੀ ਪ੍ਰੀਤਿ ॥
ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥੧॥ਰਹਾਉ॥

ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥
ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥੧॥
ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥
ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥੨॥੩॥੬॥੩੯॥੪੭॥
ਦੇਵਗੰਧਾਰੀ (ਮਃ ੯) – ਅੰਗ ੫੩੬

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

## ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਵਿਚਾਰਧਾਰਾ

ਡਾ. ਗੁਰਪ੍ਰੀਤ ਕੌਰ

ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਭਗਤੀ ਰਸ ਨਾਲ ਭਰੇ ਹੋਏ, ਮੋਹ ਮਾਇਆ ਤੋਂ ਅਭੇਦ, ਨਾ ਡੋਲਣ ਵਾਲੇ, ਸੂਰਬੀਰ, ਤੇਗ ਦੇ ਧਨੀ ਸਨ, ਉਹਨਾਂ ਨੇ ਆਪਣੀ ਕੁਰਬਾਨੀ ਦੂਸਰੇ ਧਰਮ ਦੀ ਰੱਖਿਆ ਲਈ ਦਿੱਤੀ ਇਸ ਕਰਕੇ ਉਹ ਧਰਮ ਰਖਿਅਕ ਵੀ ਹਨ । ਸ੍ਰੀ ਗੁਰੂ ਤੇਗ ਬਹਾਦੁਰ ਜੀ ਦੁੱਖ-ਸੁੱਖ , ਈਰਖਾ, ਦਵੈਤ ਤੋਂ ਮੁਕਤ, ਪਰਉਪਕਾਰੀ, ਮਨੁੱਖਾਂ ਦੀ ਰੱਖਿਆ ਕਰਨ ਵਾਲੇ, ਉੱਚ ਕੋਟੀ ਦੇ ਕਵੀ ਸਨ । ਉਹ ਸ਼ਾਂਤ ਸੁਭਾਅ ਦੇ ਮਾਲਕ ਸਨ । ਸਾਰਾ ਜੀਵਨ ਹੀ ਉਹਨਾਂ ਨੇ ਸ਼ਾਂਤੀ ਦਾ ਪ੍ਰਚਾਰ ਕੀਤਾ ।

ਆਪ ਜੀ ਦਾ ਜਨਮ 1 ਅਪ੍ਰੈਲ 1621 ਨੂੰ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ । ਆਪ ਜੀ ਦੀ ਮਾਤਾ ਜੀ ਦਾ ਨਾਮ ਨਾਨਕੀ ਤੇ ਪਿਤਾ ਜੀ ਦਾ ਨਾਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਸੀ । ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਜਨਮ ਸਮੇਂ ਗੁਰੂ ਹਰਿ ਗੋਬਿੰਦ ਪਾਤਸ਼ਾਹ ਗੁਰ ਗੱਦੀ ਤੇ ਬਿਰਾਜਮਾਨ ਸਨ । ਸਵੈ ਰੱਖਿਆ ਦੇ ਹਿੱਤ ਲਈ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਚਾਰ ਜੰਗਾਂ ਲੜਨੀਆਂ ਪਈਆਂ । ਜਿਸ ਕਰਕੇ ਉਹਨਾਂ ਨੇ ਗੁਰੂ ਤੇਗ ਬਹਾਦੁਰ ਜੀ ਨੂੰ ਸਮੇਂ ਦੀ ਲੋੜ ਅਨੁਸਾਰ ਹਰ ਤਰ੍ਹਾਂ ਦੀ ਸਿੱਖਿਆ ਦਿੱਤੀ । ਚੌਥੀ ਜੰਗ ਸਮੇਂ ਆਪ ਜੀ ਨੇ ਆਪਣੀ ਤਲਵਾਰ ਦੇ ਜੋਹਰ ਵਿਖਾਏ । ਆਪ ਜੀ ਦਾ

ਵਿਆਹ 1633 ਈ: ਵਿੱਚ ਕਰਤਾਰਪੁਰ ਨਿਵਾਸੀ ਭਾਈ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਜੀ ਨਾਲ ਹੋਇਆ। 1664 ਵਿੱਚ ਆਪ ਗੁਰਗੱਦੀ ਤੇ ਬਿਰਾਜਮਾਨ ਹੋਏ। 1666 ਚ ਆਪ ਜੀ ਦੇ ਘਰ ਇੱਕ ਪੁੱਤਰ ਗੋਬਿੰਦ ਰਾਇ ਦਾ ਜਨਮ ਹੋਇਆ। 1675 ਈ: ਵਿੱਚ ਆਪ ਨੇ ਚਾਂਦਨੀ ਚੌਂਕ ਵਿੱਚ ਹਿੰਦੂ ਧਰਮ ਦੀ ਰਾਖੀ ਲਈ ਆਪਣਾ ਬਲੀਦਾਨ ਦੇ ਦਿੱਤਾ। ਇਸੇ ਕਰਕੇ ਆਪ ਜੀ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ।

ਆਪ ਜੀ ਸ਼ੁਰੂ ਤੋਂ ਹੀ ਸ਼ਾਂਤ ਸੁਭਾਅ ਦੇ ਮਾਲਕ ਸਨ। ਆਪ ਜੀ ਦਾ ਸਾਰਾ ਜੀਵਨ ਸਹਿਜ ਅਵਸਥਾ ਵਿੱਚ ਹੀ ਬਤੀਤ ਹੋਇਆ। ਸੇਵਾ ਤੇ ਸਿਮਰਨ ਦੇ ਨਾਲ ਨਾਲ ਉਹ ਆਪਣੀਆਂ ਪਰਿਵਾਰਕ ਜਿੰਮੇਵਾਰੀਆਂ ਵੀ ਪੂਰੀ ਤਨ ਦੇਹੀ ਨਾਲ ਨਿਭਾਉਂਦੇ ਸਨ। ਉਹਨਾਂ ਨੇ ਹਮੇਸ਼ਾ ਸ਼ਾਤੀ ਦਾ ਪ੍ਰਚਾਰ ਕੀਤਾ 'ਦੂਸਰੇ ਧਰਮ ਦੀ ਰੱਖਿਆ ਲਈ, ਮਨੁੱਖਤਾ ਦਾ ਖੂਨ ਡੁਲੱਣ ਤੋਂ ਬਚਾਉਣ ਲਈ ਉਹਨਾਂ ਨੇ ਆਪਣਾ ਬਲੀਦਾਨ ਦਿੱਤਾ। ਸੰਬੰਧੀਆਂ ਅਤੇ ਰਿਸ਼ਤੇਦਾਰੀ ਦੀ ਈਰਖਾ ਨੂੰ ਵੀ ਆਪ ਨੇ ਆਪਣੀ ਸਹਿਣਸ਼ੀਲਤਾ ਨਾਲ ਹੀ ਦੂਰ ਕੀਤਾ। ਜਦੋਂ ਧੀਰ ਮੱਲ ਨੇ ਗੁਰਗੱਦੀ ਦੀ ਪ੍ਰਾਪਤੀ ਲਈ ਈਰਖਾ ਵਸ ਮਸੰਦ ਸ਼ੀਹੇ ਤੋਂ ਗੁਰੂ ਸਾਹਿਬ ਤੇ ਗੋਲੀ ਚਲਵਾਈ ਤਾਂ ਵੀ ਗੁਰੂ ਸਾਹਿਬ ਨੇ ਉਹਨਾਂ ਨੂੰ ਮਾਫ ਕਰ ਦਿੱਤਾ। ਆਪਣੇ ਦੁਸ਼ਮਣਾਂ ਨੂੰ ਮਾਫ ਕਰਨਾ ਕੋਈ ਮਾਮੂਲੀ ਗੱਲ ਨਹੀਂ ਸੀ। ਇਹ ਇੱਕ ਵਿਸ਼ਾਲ ਹਿਰਦੇ ਦਾ ਹੀ ਸਬੂਤ ਸੀ।

ਇਸੇ ਤਰ੍ਹਾਂ ਹੀ ਜਦੋਂ ਗੁਰੂ ਸਾਹਿਬ ਬਾਬੇ ਬਕਾਲੇ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ, ਦਰਬਾਰ ਸਾਹਿਬ ਦਰਸ਼ਨਾ ਨੂੰ ਗਏ ਤਾਂ ਪੂਜਾਰੀਆਂ ਨੇ ਹਰਿਮੰਦਰ ਸਾਹਿਬ ਦੇ ਕਿਵਾੜ ਬੰਦ ਕਰ ਦਿੱਤੇ ਤਾਂ ਗੁਰੂ ਸਾਹਿਬ ਨੇ ਉਹਨਾਂ ਨੂੰ ਕੌੜਾ ਬਚਨ ਨਹੀਂ ਬੋਲਿਆ ਸਗੋਂ ਸਿੱਖ ਸੰਗਤ ਦੀ ਬੇਨਤੀ ਪ੍ਰਵਾਨ ਕਰ 'ਵੱਲ' ਪਿੰਡ ਆ ਬੈਠੇ। ਗੁਰੂ ਸਾਹਿਬ ਹਰ ਪ੍ਰਕਾਰ ਦੇ ਝਗੜੇ ਤੋਂ ਦੂਰ ਰਹਿੰਦੇ ਸਨ ਉਹਨਾਂ ਦਾ ਮਿਸ਼ਨ ਸ਼ਾਂਤੀ ਅਤੇ ਅਮਨ ਕਾਇਮ ਕਰਨਾ ਸੀ।

ਗੁਰੂ ਸਾਹਿਬ ਦੇ ਜੀਵਨ ਤੇ ਝਾਤ ਮਾਰਨ ਉਪਰੰਤ ਇੱਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ, ਉਹਨਾਂ ਦਾ ਜੀਵਨ ਦਰਸ਼ਨ ਬਹੁਤ ਉੱਚੀ ਕਿਸਮ ਦਾ ਹੈ ਤੇ ਨਿੱਜੀ ਤਜਰਬਾ ਵੀ ਬਹੁਤ ਵਿਸ਼ਾਲ ਹੈ। ਕਿਉਂਕਿ ਆਪਣੀਆਂ ਭਾਵਨਾਵਾਂ ਤੇ ਕਾਬੂ ਰੱਖਣਾ ਮਨੁੱਖੀ ਮਨ ਦੀ ਬਹੁਤ ਵੱਡੀ ਪ੍ਰਾਪਤੀ ਹੈ।

ਗੁਰੂ ਸਾਹਿਬ ਨੇ ਪਹਿਲੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਦੀ ਹੀ ਪ੍ਰੋੜਤਾ ਕੀਤੀ। ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਵਿੱਚ 59 ਸ਼ਬਦ ਅਤੇ 57 ਸ਼ਲੋਕ ਲਿਖੇ ਮਿਲਦੇ ਹਨ। ਇਹਨਾਂ ਸ਼ਬਦ ਅਤੇ ਸ਼ਲੋਕਾਂ ਦੀ ਵਿਚਾਰਧਾਰਾ ਇੱਕੋ ਹੀ ਹੈ।

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥**

**– ਸਲੋਕ ਵਾਰਾਂ ਤੇ ਵਧੀਕ (ਮਃ ੯) – ਅੰਗ ੧੪੨੯**

ਮਨੁੱਖੀ ਮਨ ਰਾਜਸੀ, ਸਮਾਜੀ, ਸਦਾਚਾਰਕ ਬੰਧਨਾਂ ਵਿੱਚ ਫਸਿਆ ਹੋਇਆ ਹੈ ਕਿਉਂ ਕਿ ਮਨੁੱਖ ਦਾ ਆਤਮਕ ਬਲ ਟੁੱਟਿਆ ਹੋਇਆ ਹੈ ਨਾਲ ਹੀ ਗੁਰੂ ਸਾਹਿਬ ਦਸਦੇ ਹਨ ਕਿ ਮਨੁੱਖ ਬਲਸ਼ਾਲੀ ਹੋ ਸਕਦਾ ਹੈ । ਕਿਉਂਕਿ ਮਨੁੱਖ ਨੂੰ ਬਲਸ਼ਾਲੀ ਬਣਾਉਣਾ ਗੁਰਬਾਣੀ ਦਾ ਮੰਤਵ ਹੈ ਅਗਿਆਨਤਾ ਵਸ ਹੀ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਕਾਰਨ ਦੁੱਖਾਂ ਚ ਫਸਿਆ ਪਿਆ ਹੈ । ਹਉਮੈ ਕਾਰਨ ਹੀ ਮਨੁੱਖ ਦੁਖੀ ਹੈ, ਖੁਦਗਰਜ ਹੋਇਆ ਪਿਆ ਹੈ । ਇਹੀ ਕਾਰਨ ਹੈ ਕਿ ਉਹ ਦਰ-ਦਰ ਦੀ ਗੁਲਾਮੀ ਵਿੱਚ ਜਕੜਿਆ ਪਿਆ ਹੈ । ਗੁਰੂ ਸਾਹਿਬ ਦੀ ਬਾਣੀ ਬੰਧਨ ਚ ਪਏ ਮਨੁੱਖ ਨੂੰ ਨਿਰਭੈ- ਨਿਰਬਾਣ ਪਦ ਤੱਕ ਪਹੁੰਚਾਉਂਦੀ ਹੈ । ਗੁਰੂ ਸਾਹਿਬ ਦੀ ਬਾਣੀ ਅਨੁਸਾਰ ਮਨੁੱਖ ਨੂੰ ਗਿਆਨ ਹੋ ਜਾਵੇਗਾ, ਗਿਆਨਵਾਨ ਹੋ ਕੇ ਉਹ ਭਗਤੀ ਕਰੇਗਾ, ਮਨੁੱਖੀ ਮਨ ਬਲਵਾਨ ਹੋ ਜਾਵੇਗਾ ਬਲਵਾਨ ਹੋ ਕੇ ਮਨੁੱਖ ਬੰਧਨ ਮੁਕਤਿ ਹੋ ਜਾਵੇਗਾ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ 57 ਸਲੋਕ ਜਿਨ੍ਹਾਂ ਨੂੰ ਨੌਵੇਂ ਮਹੱਲੇ ਦੇ ਸ਼ਲੋਕ ਵੀ ਕਿਹਾ ਜਾਂਦਾ ਹੈ, ਪਾਠ ਦਾ ਭੋਗ ਪਾਉਣ ਉਪਰੰਤ ਪੜ੍ਹੇ ਜਾਂਦੇ ਹਨ । ਇਹਨਾਂ ਵਿੱਚ ਇੰਨੀ ਉਪਰਾਮਤਾ ਹੈ ਕਿ ਪੜਨ ਤੇ ਸੁਣਨ ਵਾਲੇ ਦੇ ਮਨ ਵਿੱਚ ਵੈਰਾਗ ਉਪਜਦਾ ਹੈ । ਇਹਨਾਂ ਵਿੱਚ ਮੌਤ ਦਾ ਵਿਸ਼ਾ ਚਿਤਕਾਰਿਆ ਗਿਆ ਹੈ ਗੁਰੂ ਜੀ ਅਨੁਸਾਰ ਜਿਹੜਾ ਮਨੁੱਖ ਸੰਸਾਰ ਤੋਂ ਉਦਾਸ ਹੋ ਜਾਂਦਾ ਹੈ, ਉਹ ਖੁਸ਼ਕਿਸਮਤ ਹੈ ।

**ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥**
**- ਸਲੋਕ ਵਾਰਾਂ ਤੇ ਵਧੀਕ (ਮ: ੯) - ਅੰਗ ੧੪੨੭**

**ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥**
**- ਸਲੋਕ ਵਾਰਾਂ ਤੇ ਵਧੀਕ (ਮ: ੯) - ਅੰਗ ੧੪੨੭**

ਮਨੁੱਖੀ ਜੀਵਨ ਦਾ ਮਨੋਰਥ:- ਗੁਰਬਾਣੀ ਦਾ ਫੁਰਮਾਨ ਹੈ

**ਭਈ ਪਰਾਪਤਿ ਮਾਨੁਖ ਦੇਹੁਰੀਆ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਆਸਾ (ਮ: ੫) ਅੰਗ ੧੨**

ਮਨੁੱਖਾ ਜੀਵਨ ਸ੍ਰੇਸ਼ਟ ਹੈ । ਇਸਦਾ ਮਨੋਰਥ ਉਚਾ ਹੈ ਜ਼ੇਕਰ ਕੋਈ ਮਨੁੱਖ ਇਸ ਮਨੋਰਥ ਨੂੰ ਨਜ਼ਰ ਅੰਦਾਜ ਕਰਦਾ ਹੈ ਤਾਂ ਉਹ ਆਪਣਾ ਕੀਮਤੀ ਸਮਾਂ ਬਰਬਾਦ ਕਰ ਦਿੰਦਾ ਹੈ । ਕਿਉਂਕਿ ਇਹ ਮਨੁੱਖਾ ਦੇਹੀ ਪ੍ਰਭੂ ਮਿਲਨ ਦਾ ਜਰੀਆ ਹੈ । ਜੇ ਮਨੁੱਖਾ ਜਨਮ ਵਿੱਚ ਮਨੁੱਖ ਉਸ ਪ੍ਰਮਾਤਮਾ ਨਾਲ ਮਿਲਣ ਦੀ ਕੋਸ਼ਿਸ਼ (ਭਾਵ ਨਾਮ ਸਿਮਰਨ) ਨਹੀਂ ਕਰਦਾ ਤਾਂ ਉਹ ਸੰਸਾਰ ਤੋਂ ਖਾਲੀ ਹੱਥ ਚਲਾ ਜਾਂਦਾ ਹੈ । ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਮਨੁੱਖਾ ਦੇਹੀ ਵਿੱਚ ਮਨੁੱਖ ਰੱਬ ਦੇ ਗੁਣ ਧਾਰਨ ਕਰਦਾ ਹੈ । ਰੱਬ ਦਾ ਭਗਤ ਬਣ ਕੇ ਵਿਸ਼ਿਆ ਵਿਕਾਰਾਂ ਅਤੇ ਆਵਾਗਵਨ ਤੋਂ ਮੁਕਤ ਹੋਣਾ ਇਹੋ ਇੱਕ

ਮਨੋਰਥ ਹੈ ਮਨੁੱਖਾ ਜਿੰਦਗੀ ਦਾ ਗੁਰੂ ਸਾਹਿਬਾਨ ਦਾ ਫੁਰਮਾਨ ਹੈ ਕਿ

**ਸਾਧੋ ਗੋਬਿੰਦ ਕੇ ਗੁਨ ਗਾਵਉ ॥**
**ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥੧॥ਰਹਾਉ॥**
**ਗਉੜੀ (ਮਃ ੯) - ਅੰਗ ੨੧੯**

**ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥**
**ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥੧॥ ਰਹਾਉ ॥**
**- ਸੋਰਠਿ (ਮਃ ੯) - ਅੰਗ ੬੩੧**

ਹੇ ਸੰਤ ਜਨੋ ਸਦਾ ਗੋਬਿੰਦ ਦੇ ਗੁਣ ਗਾਂਦੇ ਰਿਹਾ ਕਰੋ । ਇਹ ਮਨੁੱਖਾ ਜਨਮ ਬਹੁਤ ਕੀਮਤੀ ਹੈ। ਇਸ ਨੂੰ ਅਜਾਈ ਕਿਉਂ ਗਵਾਂਦੇ ਹੋ ।

ਦੂਸਰੇ ਪਦੇ ਵਿੱਚ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਹੇ ਮਨ ਤੂੰ ਪ੍ਰਮੇਸ਼ਵਰ ਨਾਲ ਪਿਆਰ ਪਾ ਤੇ ਤੂੰ ਆਪਣੇ ਕੰਨਾਂ ਨਾਲ ਉਸ ਵਾਹਿਗੁਰੂ ਦੀਆ ਖੂਬੀਆ ਦਾ ਹਮੇਸ਼ਾ ਗੁਣਗਾਨ ਕਰ ।

ਮਨੁੱਖਾ ਸਰੀਰ ਦੁਬਾਰਾ ਨਹੀਂ ਮਿਲਣ ਵਾਲਾ । ਗੁਰੂ ਸਾਹਿਬ ਕਹਿੰਦੇ ਹਨ ਕਿ ਵਿਸ਼ਿਆ ਵਿਕਾਰਾਂ ਤੋਂ ਅਜਾਦੀ ਹਾਸਲ ਕਰਨ ਲਈ ਨਾਮ ਸਿਮਰਨ ਕਰ ਤੂੰ ਉਸ ਪ੍ਰਮਾਤਮਾ ਨਾਲ ਪਿਆਰ ਪਾ ਉਸ ਪ੍ਰਮਾਤਮਾ ਦਾ ਸਿਮਰਨ ਕਰਕੇ ਸੰਸਾਰ ਰੂਪੀ ਸਮੁੰਦਰ ਨੂੰ ਕਾਮਯਾਬੀ ਨਾਲ ਪਾਰ ਕਰ ਲੈ ।

**ਸੰਸਾਰਕ ਸੁੱਖ ਭੋਗਾਂ ਦੀ ਨਾਸ਼ਮਾਨਤਾ** :-

ਸੰਸਾਰ ਨਾਸ਼ਵਾਨ ਹੈ । ਇਹ ਸ੍ਰਿਸ਼ਟੀ ਚਲਾਇਮਾਨ ਹੈ । ਹਰ ਚੀਜ਼ ਚਲੰਤ ਹੈ ਤੇ ਹਰ ਚੀਜ ਨਾਸ਼ਵਾਨ ਹੈ ਸਿਰਫ ਅਟਲ ਪ੍ਰਮਾਤਮਾ ਦਾ ਹੀ ਨਾਮ ਹੈ । ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਇਹ ਸੰਸਾਰ ਮਾਇਆ ਦੇ ਨਾਲ ਚੱਲਦਾ ਹੈ । ਜਿਵੇਂ ਪਾਣੀ ਵਿੱਚ ਬੁਲਬੁਲੇ 'ਜੈਸੇ' ਜਲ ਤੇ ਬੁਦਬੁਦਾ ਦਿਖਾਈ ਦਿੰਦੇ ਹਨ ਤੇ ਝੱਟ ਹੀ ਉਹ ਪਾਣੀ ਦੇ ਬੁਲਬੁਲੇ ਜਲਦੀ ਹੀ ਪਾਣੀ ਵਿੱਚ ਮਿਲ ਜਾਂਦੇ ਹਨ । ਇਹ ਸੰਸਾਰ ਵੀ ਇਸੇ ਤਰ੍ਹਾਂ ਦਾ ਹੀ ਹੈ । ਸੰਸਾਰ ਦੇ ਸਾਰੇ ਸੁੱਖ ਹੀ ਚਾਰ ਦਿਨਾਂ ਦੇ ਹਨ । ਸੰਸਾਰਕ ਸੁੱਖ ਸਦਾ ਥਿਰ ਰਹਿਣ ਵਾਲੇ ਨਹੀਂ ਹਨ । ਪਰ ਅਗਿਆਨੀ ਮਨੁੱਖ ਉਹਨਾਂ ਨੂੰ ਸਦੀਵੀ ਮੰਨ ਕੇ ਬੈਠ ਗਿਆ ਹੈ । ਗੁਰੂ ਸਾਹਿਬ ਸੁਚੇਤ ਕਰਦੇ ਹੋਏ ਫੁਰਮਾਉਂਦੇ ਹਨ ਕਿ -

**ਧਨੁ ਦਾਰਾ ਸੰਪਤਿ ਗ੍ਰੇਹ ॥**
**ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥ ਬਸੰਤੁ (ਮਃ ੯) - ਅੰਗ ੧੧੮੭**

ਹੇ ਜੀਵ ! ਧੰਨ, ਇਸਤ੍ਰੀ, ਸੰਪਤੀ ਤੇ ਘਰ ਘਾਟ ਆਦਿਕ ਚੀਜ਼ਾਂ ਤੇਰੇ ਨਾਲ ਨਹੀਂ ਜਾਣੀਆਂ ਇਸ ਗੱਲ ਦੀ ਤੂੰ ਸੋਝੀ ਕਰ ਲੈ ।

ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਤੇਰਾ ਸਹਾਈ ਸਿਰਫ ਅਕਾਲਪੁਰਖ ਹੀ ਹੈ। ਸੰਸਾਰਕ ਰਿਸ਼ਤੇ ਨਾਤੇ ਸਭ ਸੰਸਾਰਿਕ ਸੁੱਖਾਂ ਦੇ ਹੀ ਭਾਈਵਾਲ ਹਨ ਬਿਪਤਾ ਪੈਣ ਤੇ ਤੇਰੇ ਨੇੜੇ ਕੋਈ ਵੀ ਨਹੀਂ ਢੁੱਕ ਸਕਦਾ। ਜਿਵੇਂ :-

**ਹਰਿ ਬਿਨੁ ਤੇਰੋ ਕੋ ਨ ਸਹਾਈ ॥**
**ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ ॥੧॥ ਰਹਾਉ ॥**
**- ਸਾਰੰਗ (ਮਃ ੯) - ਅੰਗ ੧੨੩੧**

**ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥**
**ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥੧॥**
**ਗਉੜੀ (ਮਃ ੯) - ਅੰਗ ੨੨੦**

ਆਪ ਜੀ ਦੀ ਬਾਣੀ ਵਿੱਚ ਰਿਸ਼ਤਿਆ ਬਾਰੇ ਸਾਰਥਕ ਬਿਆਨ ਹੈ ਕਿ ਨਾਸ਼ਵਾਨ ਸਹਾਰੇ ਦੀ ਥਾਂ ਉਸ ਵਾਹਿਗੁਰੂ ਦਾ ਆਸਰਾ ਲੈਣਾ ਚਾਹੀਦਾ ਹੈ ਕਿਉਂਕਿ ਇਹ ਰਿਸ਼ਤੇ ਨਾਤੇ ਤਾਂ ਸੁੱਖਾਂ ਦੇ ਨਾਲ ਹੀ ਸੰਬੰਧੀ ਹਨ। ਜੀਵ ਲਈ ਸੁਚੇਤ ਹੋਣਾ ਜ਼ਰੂਰੀ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ :-

**ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥**
**ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥੧॥ ਰਹਾਉ ॥**
**ਤਿਲੰਗ (ਮਃ ੯) - ਅੰਗ ੭੨੬**

**ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥**
**ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥੧॥ ਰਹਾਉ ॥**
**- ਤਿਲੰਗ (ਮਃ ੯) - ਅੰਗ ੭੨੬**

ਗੁਰੂ ਸਾਹਿਬ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਹੇ ਮਨੁੱਖੀ ਮਨ ਸੁਚੇਤ ਹੋ, ਤੂੰ ਗੂੜੀ ਨੀਂਦਰ ਤੋਂ ਜਾਗ ਜਾ। ਜਿਹੜਾ ਸ਼ਰੀਰ ਤੈਨੂੰ ਜਨਮ ਤੋਂ ਮਿਲਿਆ ਹੈ, ਉਹ ਵੀ ਤੇਰੇ ਨਾਲ ਨਹੀਂ ਜਾਣਾ, ਅੰਤ ਸਮੇਂ ਤੈਨੂੰ ਛੱਡਣਾ ਪੈਣਾ ਹੈ। ਜਿਹੜੇ ਸ਼ਰੀਰ ਨੂੰ ਤੂੰ ਸਾਂਭ-ਸਾਂਭ ਰੱਖਦਾ ਹੈ। ਉਹ ਤੇਰੇ ਨਾਲ ਨਹੀਂ ਨਿਭਣਾ। ਪਰ ਨਾਲ ਹੀ ਗੁਰੂ ਸਾਹਿਬ ਇਹ ਵੀ ਦੱਸਦੇ ਹਨ ਕਿ ਹੇ ਮਨੁੱਖ ਤੂੰ ਉਸ ਅਕਾਲਪੁਰਖ ਨੂੰ ਦਿਨ-ਰਾਤ ਸਿਮਰ। ਹਰ ਪਲ ਤੇਰੀ ਉਮਰ ਬੀਤਦੀ ਜਾ ਰਹੀ ਹੈ। ਤੂੰ ਸੰਭਲ ਜਾ। ਤੇਰੀ ਉਮਰ ਇਸ ਤਰ੍ਹਾਂ ਬੀਤਦੀ ਜਾਂਦੀ ਪਈ ਹੈ ਜਿਵੇਂ ਫੁੱਟੇ ਘੜੇ ਵਿੱਚੋਂ ਹੋਲੀ-ਹੋਲੀ ਪਾਣੀ ਵੱਗ-ਵੱਗ ਘੜਾ ਖਾਲੀ ਹੋ ਜਾਂਦਾ ਹੈ। ਤੇਰੀ ਜਿੰਦਗੀ ਉਸ ਪਾਣੀ ਵਾਂਗ ਹੀ ਹੈ ਜੋ ਤੁਪਕਾ ਤੁਪਕਾ ਘਟਦੀ ਜਾ ਰਹੀ ਹੈ। ਇਹ ਵਾਹਿਗੁਰੂ ਜਿਸ ਨੂੰ ਤੂੰ ਸਿਮਰਨਾ ਹੈ ਉਹ ਬਾਹਰ ਨਹੀਂ ਸਗੋਂ ਤੇਰੇ ਅੰਦਰ ਹੀ ਮੋਜੂਦ ਹੈ। ਉਸ ਬਾਹਰ ਜੰਗਲਾਂ ਵਿੱਚੋਂ ਨਹੀਂ ਮਿਲ ਦਾ, ਉਹ ਅਕਾਲਪੁਰਖ ਤਾਂ ਸਾਰੀ ਸ੍ਰਿਸ਼ਟੀ ਵਿੱਚ ਬਿਰਾਜਮਾਨ ਹੈ। ਉਹ ਮਾਇਆ ਤੋਂ ਨਿਰਲੇਪ ਹੈ ਤੇ ਸਦਾ ਹੀ ਤੇਰੇ ਹਿਰਦੇ ਅੰਦਰ ਵੱਸਦਾ ਹੈ ਅਤੇ ਉਹੀ ਕੇਵਲ ਅੰਤ ਵੇਲੇ ਤੇਰਾ ਸਹਾਈ ਹੈ।

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥**
**– ਧਨਾਸਰੀ (ਮਃ ੯) – ਅੰਗ ੬੮੪**

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥**
**ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥**
**– ਗਉੜੀ (ਮਃ ੯) – ਅੰਗ ੨੧੯**

ਦੁੱਖਾਂ ਦਾ ਕਾਰਨ ਮਨੁੱਖ ਦਾ ਆਪਣਾ ਸੁਭਾਅ :– ਸੰਸਾਰਕ ਸਾਕ ਸੰਬੰਧੀ ਸਭ ਮਤਲਬ ਦੇ ਲਈ ਹੀ ਹਨ। ਜਦੋਂ ਉਹ ਜਾਣ ਜਾਂਦੇ ਹਨ ਕਿ ਹੁਣ ਮਨੁੱਖ ਨਿਰਧਨ ਹੋ ਗਿਆ ਹੈ, ਤੇ ਹੁਣ ਉਹ ਉਹਨਾਂ ਦੇ ਮਤਲਬ ਦਾ ਨਹੀਂ ਰਿਹਾ ਤਾਂ, ਉਸੇ ਸਮੇਂ ਉਹ ਉਸਦਾ ਸਾਥ ਛੱਡ ਦਿੰਦੇ ਹਨ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਹੇ ਮਨ ਤੂੰ ਸੱਚਾਈ ਨੂੰ ਚੰਗੀ ਤਰ੍ਹਾਂ ਜਾਣ ਲੈ ਸਾਰੇ ਮਨੁੱਖ ਆਪਣੀ ਹੀ ਪੂਰਤੀ ਲਈ ਤੇਰਾ ਸਾਥ ਦੇ ਰਹੇ ਹਨ ਇਸ ਸੰਸਾਰ ਵਿੱਚ ਕਿਸੇ ਦਾ ਕੋਈ ਵੀ ਪੱਕਾ ਸਾਥੀ ਅਜਿਹਾ ਨਹੀਂ ਹੈ ਜੋ ਸਦੀਵੀ ਤੇਰਾ ਸਾਥ ਦੇ ਸਕੇ। ਇੱਕ ਪ੍ਰਮਾਤਮਾ ਦਾ ਨਾਮ ਹੀ ਤੇਰੇ ਅੰਤ ਤੱਕ ਸਹਾਈ ਹੋਵੇਗਾ। ਗੁਰੂ ਸਾਹਿਬ ਦਾ ਫੁਰਮਾਨ ਹੈ :–

**ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥**
**ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥੧॥**
**ਸੋਰਠਿ (ਮਃ ੯) – ਅੰਗ ੬੩੩**

**ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥**
**ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ ॥੧॥ ਰਹਾਉ ॥**
**ਸੋਰਠਿ (ਮਃ ੯) – ਅੰਗ ੬੩੪**

**ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥**
**ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥**
**ਸਲੋਕ ਵਾਰਾਂ ਤੇ ਵਧੀਕ (ਮਃ ੯) – ਅੰਗ ੧੪੨੮**

ਵਾਹਿਗੁਰੂ ਹਮੇਸ਼ਾ ਹੀ ਤੇਰੇ ਹਿਰਦੇ ਵਿੱਚ ਵਸਦਾ ਹੈ, ਤੇ ਤੂੰ ਉਸਨੂੰ ਜੰਗਲਾਂ ਵਿੱਚ ਟੋਲਦਾ ਫਿਰਦਾ ਹੈ। ਜੇ ਮਨੁੱਖੀ ਹਿਰਦੇ ਅੰਦਰ ਗੁਰਮਤਿ ਦੀ ਜਾਗ ਨਾ ਲੱਗੀ, ਉਸਨੂੰ ਗਿਆਨ ਨਾ ਹੋਇਆ, ਜੇ ਮਨ ਸਤਿਗੁਰੂ ਦੀ ਸੇਵਾ ਵਿੱਚ ਨਾ ਲੱਗਿਆ ਜੇ ਮਨੁੱਖ ਨੇ ਹਰੀ ਦਾ ਭਜਨ ਨਾ ਕੀਤਾ। ਅਗਿਆਨ ਵਸ ਇਧਰ–ਉਧਰ ਹੀ ਭਟਕਦਾ ਫਿਰਦਾ ਰਿਹਾ ਤਾਂ, ਹੇ ਮਨੁੱਖ ਤੇਰਾ ਸਾਰਾ ਜੀਵਨ ਹੀ ਬੇਕਾਰ ਚਲੇ ਜਾਣਾ ਹੈ। ਜਿਵੇਂ ਗੁਰੂ ਸਾਹਿਬ ਉਪਦੇਸ਼ ਦਿੰਦੇ ਹਨ –

**ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥**
**ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥੨॥**
**ਸੋਰਠਿ (ਮਃ ੯) – ਅੰਗ ੬੩੨**

ਗੁਰੂ ਸਾਹਿਬ ਮਨੁੱਖੀ ਸ਼ਰੀਰ ਬਾਰੇ ਫੁਰਮਾਨ ਕਰਦੇ ਹਨ ਕਿ ਮਨੁੱਖੀ ਸ਼ਰੀਰ ਮਿਥਿਆ ਹੈ ਕਿਉਂਕਿ ਇਹ ਛਿਨ ਭੰਗਰ ਹੈ, ਪਾਣੀ ਦਾ ਬੁਲਬੁਲਾ ਹੈ । ਪਰ ਇਸ ਸ਼ਰੀਰ ਵਿੱਚ ਅਕਾਲ ਪੁਰਖ ਦੀ ਜੋਤ ਬਿਰਾਜਮਾਨ ਹੈ । ਉਹ ਆਪ ਇਸ ਸ਼ਰੀਰ ਵਿੱਚ ਨਿਵਾਸ ਰੱਖਦਾ ਹੈ । ਉਸ ਆਪ ਤੂੰ ਪਛਾਣ ਕਰਨੀ ਹੈ ਗੁਰਬਾਣੀ ਦਾ ਫੁਰਮਾਨ ਹੈ –

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਆਸਾ (ਮਃ ੩) – ਅੰਗ ੪੪੧**

ਇਸ ਜੋਤ ਸਰੂਪ ਦੀ ਪਛਾਣ ਕਰਨਾ ਮਨੁੱਖ ਦਾ ਮੁੱਢਲਾ ਫਰਜ਼ ਇਸ ਕਰਕੇ ਇਸਨੂੰ ਅੱਖੋ ਪਰੋਖੇ ਨਹੀਂ ਕਰਨਾ । ਗੁਰੂ ਸਾਹਿਬ ਫੁਰਮਾਉਂਦੇ ਹਨ ਕਿ –

**ਸਾਧੋ ਇਹੁ ਤਨੁ ਮਿਥਿਆ ਜਾਨਉ ॥**
**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ ਰਹਾਉ ॥**
**– ਬਸੰਤੁ (ਮਃ ੯) – ਅੰਗ ੧੧੮੬**

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਹੜਾ ਮਨੁੱਖ ਆਪਣਾ ਆਪ ਨਹੀਂ ਪਛਾਣਦਾ, ਉਹ ਪੱਥਰ ਦੀ ਨਿਆਈ ਹੈ । ਜਿਵੇਂ ਪੱਥਰ ਲੰਬਾ ਸਮਾਂ ਪਾਣੀ ਵਿੱਚ ਰਹਿ ਕੇ ਵੀ ਪਾਣੀ ਦਾ ਪ੍ਰਭਾਵ ਨਹੀਂ ਕਬੂਲਦਾ ਅੰਦਰੋਂ ਰੁੱਖਾ ਤੇ ਸੁੱਕਾ ਹੀ ਰਹਿੰਦਾ ਹੈ । ਜਿਵੇਂ–

**ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥**
**ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ ॥੨॥**
**ਬਿਲਾਵਲੁ (ਮਃ ੯) – ਅੰਗ ੮੩੧**

ਗੁਰੂ ਸਾਹਿਬ ਅਨੁਸਾਰ ਪ੍ਰਮਾਤਮਾ ਨੂੰ ਵੇਸਾ– ਭੇਖਾ ਤੀਰਥ ਯਾਤਰਾਵਾਂ, ਤੀਰਥ ਇਸ਼ਨਾਨਾ, ਜੋਗ ਅਭਿਆਸਾ, ਵਰਤਾਂ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ । ਯੱਗਾਂ ਦਾ ਸੱਚੇ ਧਰਮ ਨਾਲ ਉੱਕਾ ਹੀ ਕੋਈ ਸੰਬੰਧ ਨਹੀਂ ਹੈ । ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਿਰ ਮੂੰਹ ਮਨਾ ਕੇ, ਸਾਧ ਬਣ ਕੇ ਕੁੱਝ ਨਹੀਂ ਬਣਨਾ ਜਦੋਂ ਤੱਕ ਮਨੁੱਖ ਪੂਰੇ ਗੁਰੂ ਦਾ ਉਪਦੇਸ਼ ਤੇ ਸਿਧਾਂਤ ਆਪਣੇ ਜੀਵਨ ਵਿੱਚ ਨਹੀਂ ਅਪਣਾਉਂਦਾ ਜਿਸ ਮਨੁੱਖ ਨੇ ਰੱਬ ਦਾ ਸਿਮਰਨ ਹੀ ਮਨ ਵਿੱਚੋਂ ਵਿਸਾਰ ਦਿੱਤਾ ਉਸਦੇ ਕੀਤੇ ਕਰਮ ਅਭਿਆਸ ਸਭ ਵਿਅਰਥ ਹਨ । ਜਿਸ ਵਿਅਕਤੀ ਨੇ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਕਾਬੂ ਹੀ ਨਹੀਂ ਕੀਤਾ, ਉਹ ਜੋ ਮਰਜ਼ੀ ਕਰਦਾ ਰਹੇ ਉਸਦੇ ਸਾਰੇ ਕਰਮ ਕਾਂਡ ਫਜ਼ੂਲ ਹਨ ।

**ਮਨ ਰੇ ਗਹਿਓ ਨ ਗੁਰ ਉਪਦੇਸੁ ॥**
**ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ ॥੧॥ ਰਹਾਉ ॥**
**ਸੋਰਠਿ (ਮਃ ੯) – ਅੰਗ ੬੩੩**

**ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥**
**ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥**
**ਬਿਲਾਵਲੁ (ਮਃ ੯) – ਅੰਗ ੮੩੧**

**ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥**
**ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ ॥੧॥**
**ਬਿਲਾਵਲੁ (ਮਃ ੯) – ਅੰਗ ੮੩੧**

<u>ਗਿਆਨੀ ਕੌਣ ਹਨ ਜਿਹੜੇ ਜੀਵਨ ਮੁਕਤ ਹਨ</u>:– ਉਹ ਮਨੁੱਖ ਗਿਆਨ ਵਾਨ ਹਨ ਜਿਹੜੇ ਦੁੱਖ ਤੇ ਸੁੱਖ ਨੂੰ ਇੱਕੋ ਜਿਹਾ ਮੰਨਦੇ ਹਨ। ਗੁਰਬਾਣੀ ਅਨੁਸਾਰ ਨਿਡਰਤਾ ਤੇ ਅਮਰਤਾ ਜੀਵਨ ਦੇ ਆਦਰਸ਼ ਹਨ।

**ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥**
**ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥**
**ਗਉੜੀ (ਮਃ ੯) – ਅੰਗ ੨੨੦**

ਜੀਵਨ ਵਿੱਚ ਨਾ ਡਰਨਾ ਹੈ ਤੇ ਨਾ ਕਿਸੇ ਨੂੰ ਡਰਾਉਣਾ ਹੈ। ਗੁਰਬਾਣੀ ਅਨੁਸਾਰ ਜਿਹੜਾ ਮਨੁੱਖ ਭੈ ਰਹਿਤ ਹੋ ਕੇ ਜੀਵਨ ਬਤੀਤ ਕਰਦਾ ਉਹ ਮਨੁੱਖ ਹੀ ਗਿਆਨਵਾਨ ਹੈ ਤੇ ਆਤਮਕ ਸੂਝ ਵਾਲਾ ਹੈ। ਆਪ ਜੀ ਦਾ ਫੁਰਮਾਨ ਹੈ –

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥**
**– ਸਲੋਕ ਵਾਰਾਂ ਤੇ ਵਧੀਕ (ਮਃ ੯) – ਅੰਗ ੧੪੨੭**

ਆਦਰਸ਼ ਜੀਵਨ ਦੀ ਮਿਸਾਲ ਗੁਰੂ ਜੀ ਆਪ ਹਨ ਜਿਨ੍ਹਾਂ ਨੇ ਸ਼ਾਂਤ ਚਿੱਤ ਰਹਿ ਕੇ ਜਬਰ ਦੇ ਖਿਲਾਫ ਹਿੰਦੂਆਂ ਦੀ ਰੱਖਿਆ ਲਈ ਆਪਣੀ ਕੁਰਬਾਨੀ ਦਿੱਤੀ ਤੇ ਆਪਣੇ ਸਾਹਮਣੇ ਆਪਣੇ ਪਿਆਰਿਆਂ ਦੀ ਸ਼ਹੀਦੀ ਦੇਖ ਅਡੋਲ ਤੇ ਸ਼ਾਂਤ ਰਹੇ। ਦੁੱਖ ਸੁੱਖ ਮਾਨ ਅਪਮਾਨ ਹਰਖ ਸੋਗ ਦੀ ਇੱਕ ਅਦੁੱਤੀ ਮਿਸਾਲ ਕਾਇਮ ਕੀਤੀ। ਆਪ ਜੀ ਨੇ ਫੁਰਮਾਨ ਸੱਚ ਕਰ ਵਿਖਾਇਆ –

<u>ਦੁਨਿਆਵੀ ਕਾਰ ਵਿਹਾਰ</u> – ਮਨੁੱਖ ਸੁੱਖਾਂ ਦੀ ਪ੍ਰਾਪਤੀ ਦੀ ਆਸ ਰੱਖ ਕੇ ਹੀ ਦੁੱਖ ਸਹੇੜ ਲੈਂਦਾ ਹੈ। ਮਨੁੱਖ ਨੂੰ ਪ੍ਰੇਮਾ ਭਗਤੀ ਦਾ ਅਸਲੀ ਮਾਰਗ ਪਤਾ ਨਹੀਂ ਹੁੰਦਾ ਪਰ ਉਹ ਇੱਕ ਕੁੱਤੇ ਦੀ ਨਿਆਈ ਹੈ, ਜੋ ਦਰਵਾਜਿਆਂ ਤੇ ਭਟਕਦਾ ਫਿਰਦਾ ਰਹਿੰਦਾ ਹੈ। ਜਿਵੇਂ –

**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥੧॥**
**ਆਸਾ (ਮਃ ੯) – ਅੰਗ ੪੧੧**

ਰੱਬੀ ਭਗਤੀ ਵਾਲਾ ਮਨੁੱਖ ਹੀ ਸੱਚੇ ਸਤਿਗੁਰ ਦਾ ਭੇਦ ਪਾ ਸਕਦਾ ਹੈ । ਇਸ ਮਾਰਗ ਤੇ ਹੀ ਮਨੁੱਖ ਦੇ ਸਭ ਸ਼ੰਕੇ, ਡਰ ਮੁੱਕ ਜਾਂਦੇ ਹਨ-

**ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥**
**ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥੧॥ ਰਹਾਉ ॥**
**ਬਿਲਾਵਲੁ (ਮਃ ੯) - ਅੰਗ ੮੩੦**

ਇਸ ਸੰਸਾਰ ਵਿੱਚ ਅਕਾਲ ਪੁਰਖ ਦਾ ਨਾਮ ਹੀ ਆਤਮਕ ਅਵਸਥਾ ਨੂੰ ਉੱਚਾ ਚੁੱਕ ਸਕਦਾ ਹੈ । ਪ੍ਰੇਮਾ ਭਗਤੀ ਦੀ ਬਰਾਬਰੀ ਹੋਰ ਕੋਈ ਰਸਤਾ ਨਹੀਂ ਕਰ ਸਕਦਾ । ਜਿਹੜੇ ਮਨੁੱਖ ਉਸ ਪ੍ਰਮਾਤਮਾ ਨਾਲ ਜੁੜੇ ਰਹਿੰਦੇ ਹਨ, ਉਹ ਉਸ ਦਾ ਹੀ ਰੂਪ ਹੋ ਜਾਂਦੇ ਹਨ । ਉਹ ਉਸ ਅਕਾਲਪੁਰਖ ਦੀ ਭਗਤੀ ਕਰਕੇ ਉਸ ਵਿੱਚ ਅਭੇਦ ਹੋ ਜਾਂਦੇ ਹਨ ।

**ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥**
**ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥੨॥**
**ਸੋਰਠਿ (ਮਃ ੯) - ਅੰਗ ੬੩੨**

**ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥**
**ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥**
**- ਸਲੋਕ ਵਾਰਾਂ ਤੇ ਵਧੀਕ (ਮਃ ੯) - ਅੰਗ ੧੪੨੮**

ਗੁਰੂ ਸਾਹਿਬ ਦਾ ਫੁਰਮਾਨ ਹੈ ਕਿ ਜਿਵੇਂ ਇੱਕ ਕੁੱਤਾ ਆਪਣੇ ਮਾਲਕ ਪ੍ਰਤੀ ਵਫਾਦਾਰ ਰਹਿੰਦਾ ਹੈ ਉਸਦਾ ਘਰ ਨਹੀਂ ਤਿਆਗਦਾ ਉਸੇ ਤਰ੍ਹਾਂ ਸੱਚਾ ਭਗਤ ਵੀ ਦੁੱਖ-ਸੁੱਖ ਆਉਣ ਤੇ ਅਡੋਲ ਰਹਿੰਦਾ ਹੈ ਉਸ ਅਕਾਲਪੁਰਖ ਨੂੰ ਨਹੀਂ ਤਿਆਗਦਾ ਜਿਵੇਂ -

**ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥**
**ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ ॥੪੫॥**
**- ਸਲੋਕ ਵਾਰਾਂ ਤੇ ਵਧੀਕ (ਮਃ ੯) - ਅੰਗ ੧੪੨੮**

ਸਾਰੀ ਸ੍ਰਿਸ਼ਟੀ ਦਾ ਦਾਤਾ ਇੱਕ ਹੀ ਹੈ ਸਾਰੇ ਉਸਦੇ ਦਰ ਦੇ ਭਿਖਾਰੀ ਹਨ । ਉਹ ਅਜਿਹਾ ਅਕਾਲਪੁਰਖ ਹੈ ਜਿਸ ਨੂੰ ਸਿਮਰਨ ਦੇ ਨਾਲ ਮਨੁੱਖ ਦਾ ਅਸਲ ਮਨੋਰਥ ਪੂਰਾ ਹੋ ਜਾਂਦਾ ਹੈ ਉਹ ਸਭ ਨੂੰ ਦਾਤਾ ਦੇਣ ਵਾਲਾ ਹੈ, ਉਸਦੇ ਭੰਡਾਰ ਭਰੇ ਹੋਏ ਹਨ -

**ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥**
**ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥੪੦॥**
**- ਸਲੋਕ ਵਾਰਾਂ ਤੇ ਵਧੀਕ (ਮਃ ੯) - ਅੰਗ ੧੪੨੮**

<u>ਵਿਸ਼ੇ ਵਿਕਾਰਾਂ ਦਾ ਤਿਆਗ</u> :- ਮਨੁੱਖੀ ਮਨ ਕਾਬੂ ਕਰਨਾ ਬਹੁਤ ਔਖਾ ਹੈ । ਮਨ ਦਿਨ-ਰਾਤ ਵਿਸ਼ਿਆਂ ਵਿਕਾਰਾਂ ਵਿੱਚ ਦੌੜਦਾ ਰਹਿੰਦਾ ਹੈ । ਗੁਰੂ ਸਾਹਿਬ ਆਪਣੇ ਮਨ ਨੂੰ ਕਹਿੰਦੇ ਹਨ ਕਿ ਹੇ ਮਨ ਤੂੰ ਹਰੀ ਜਸ ਦਾ ਗਾਇਨ ਨਹੀਂ ਕਰਦਾ ਦਿਨ ਰਾਤ

ਵਿਕਾਰਾਂ ਵਿੱਚ ਫਸਿਆ ਰਹਿੰਦਾ ਹੈ ਤੂੰ ਆਪਣੇ ਮਨ ਦੇ ਅਹੰਕਾਰ ਨੂੰ ਤਿਆਗ ਕੇ ਕਾਮ, ਕ੍ਰੋਧ, ਦੁਸਟ ਵਿਕਾਰਾਂ ਤੋਂ ਬਚ ਕਿਉਂਕਿ ਮਨ ਦੀ ਚੰਚਲਤਾ ਕਾਇਮ ਨਹੀਂ ਰਹਿੰਦੀ, ਨਾ ਹੀ ਮਨ ਕਾਬੂ ਵਿੱਚ ਰਹਿੰਦਾ ਹੈ । ਗੁਰੂ ਸਾਹਿਬ ਅਨੁਸਾਰ –

**ਮਾਈ ਮਨੁ ਮੇਰੋ ਬਸਿ ਨਾਹਿ ॥**
**ਨਿਸ ਬਾਸੁਰ ਬਿਖਿਅਨ ਕਉ ਧਾਵਤ**
**ਕਿਹਿ ਬਿਧਿ ਰੋਕਉ ਤਾਹਿ ॥੧॥ ਰਹਾਉ॥ ਸੋਰਠਿ (ਮਃ ੯)ਅੰਗ ੬੩੨**

**ਮਨ ਕਰਿ ਕਬਹੂ ਨ ਹਰਿ ਗੁਨ ਗਾਇਓ ॥**
**ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ॥੧॥ਰਹਾਉ॥**
**ਸਾਰੰਗ (ਮਃ ੯) – ਅੰਗ ੧੨੩੨**

**ਸਾਧੋ ਮਨ ਕਾ ਮਾਨੁ ਤਿਆਗਉ ॥**
**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ਰਹਾਉ ॥**
**ਗਉੜੀ (ਮਃ ੯) – ਅੰਗ ੨੧੯**

**ਪਾਪੀ ਹੀਐ ਮੈ ਕਾਮੁ ਬਸਾਇ ॥**
**ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ ਰਹਾਉ ॥**
**ਬਸੰਤੁ (ਮਃ ੯) – ਅੰਗ ੧੧੮੬**

ਮੌਤ ਕੋਈ ਅਣਹੋਣੀ ਚੀਜ਼ ਨਹੀਂ ਹੈ ਇਹ ਨਿਤ ਵਾਪਰਨ ਵਾਲੀ ਚੀਜ਼ ਹੈ । ਜੋ ਗੱਲ ਵਾਪਰਨੀ ਹੀ ਵਾਪਰਨੀ ਹੈ ਉਸ ਦੇ ਲਈ ਚਿੰਤਾ ਕਰਨ ਦਾ ਕੀ ਲਾਭ । ਗੁਰੂ ਸਾਹਿਬ ਫੁਰਮਾਉਂਦੇ ਹਨ ਕਿ –

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥**
**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥**
**ਸਲੋਕ ਵਾਰਾਂ ਤੇ ਵਧੀਕ (ਮਃ ੯) – ਅੰਗ ੧੪੨੯**

ਨਾਮ ਸਿਮਰਨ ਦੀ ਵਡਿਆਈ :– ਹੇ ਮਨੁੱਖ ਤੇਰਾ ਅਸਲ ਸਾਥੀ ਨਾਮ ਸਿਮਰਨ ਹੀ ਹੈ, ਇਸ ਕਰਕੇ ਤੂੰ ਉਸਦਾ ਗੁਨਗਾਣ ਕਰ ਕਿਉਂਕਿ ਤੇਰੀ ਉਮਰ ਘਟਦੀ ਜਾ ਰਹੀ ਹੈ ।

**ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥**
**ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ ॥੧॥ ਰਹਾਉ ॥**
**ਤਿਲੰਗ (ਮਃ ੯) – ਅੰਗ ੭੨੭**

ਜਦੋਂ ਮਨ ਵਿੱਚ ਰੱਬ ਦੀ ਬੰਦਗੀ ਆ ਜਾਂਦੀ ਹੈ ਤਾਂ ਮਨ 'ਚ' ਵਿਕਾਰਾਂ ਦੀ ਦੋੜ ਮੁੱਕ ਜਾਂਦੀ ਹੈ ਤੇ ਮਨੁੱਖੀ ਮਨ ਵਿੱਚ ਟਿਕਾਅ ਆ ਜਾਂਦਾ ਹੈ ਜਿਵੇਂ –

ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥
ਬਸੰਤੁ (ਮਃ ੯) – ਅੰਗ ੧੧੮੬

ਉਸਤਤਿ ਤੇ ਨਿੰਦਾ ਦਾ ਤਿਆਗ – ਭਾਵੇਂ ਇਸ ਰਸਤੇ ਤੇ ਤੁਰਨਾ ਤੇ ਔਖਾ ਹੈ ਪਰ ਜਿਹੜਾ ਵਿਅਕਤੀ ਉਸਤਤਿ ਤੇ ਨਿੰਦਾ ਦਾ ਤਿਆਗ ਕਰ ਦੇਵੇ ਉਹ ਹੀ ਇਸ ਉੱਚੀ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ ਇਸੇ ਲਈ ਇਹ ਖੇਡ ਔਖੀ ਹੈ। ਕੋਈ ਵਿਰਲਾ ਹੀ ਉਸ ਦੀ ਕ੍ਰਿਪਾ ਨਾਲ ਇਸ ਖੇਡ ਨੂੰ ਸਮਝ ਸਕਦਾ ਹੈ। ਜਿਵੇਂ –

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥
ਗਉੜੀ (ਮਃ ੯) – ਅੰਗ ੨੧੯

ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥
ਗਉੜੀ (ਮਃ ੯) – ਅੰਗ ੨੨੦

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥
ਸੋਰਠਿ (ਮਃ ੯) – ਅੰਗ ੬੩੩

ਪ੍ਰਮਾਤਮਾ ਦੀ ਸ਼ਰਨ ਲਈ ਅਰਦਾਸ – ਅਰਦਾਸ ਸਿੱਖ ਧਰਮ ਦਾ ਅਨਿਖੜਵਾ ਅੰਗ ਹੈ। ਇਸ ਨਾਲ ਮਨੁੱਖੀ ਹਉਮੈ ਦਾ ਤਿਆਗ ਹੁੰਦਾ ਹੈ। ਮਨੁੱਖੀ ਮਨ ਅਰਦਾਸ ਰਾਹੀ ਹੀ ਉਸ ਅਕਾਲਪੁਰਖ ਨੂੰ ਸੰਬੋਧਿਤ ਹੁੰਦਾ ਹੈ ਕਿ ਹੇ ਅਕਾਲਪੁਰਖ ਮੇਰੇ ਚ ਕੋਈ ਗੁਣ ਨਹੀਂ, ਪਰ ਤੂੰ ਗੁਣਾ ਨਾਲ ਭਰਪੂਰ ਹੈ। ਅਰਦਾਸ ਨਾਲ ਹੀ ਮਨੁੱਖੀ ਮਨ ਦੀ ਨਿਮਰਤਾ ਪ੍ਰਗਟ ਹੁੰਦੀ ਹੈ।

ਜਿਵੇਂ –

ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ ॥
ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ ॥੨॥੬॥
ਸੋਰਠਿ (ਮਃ ੯) – ਅੰਗ ੬੩੨

ਇੱਕ ਹੋਰ ਥਾਂ ਗੁਰੂ ਸਾਹਿਬ ਜੀ ਅਰਦਾਸ ਦਾ ਵਲ ਦੱਸਦੇ ਹੋਏ ਫੁਰਮਾਉਂਦੇ ਹਨ ਕਿ ਹੇ ਹਰੀ ਜੀ ਸਾਡੀ ਪੈਜ ਤੇ ਇੱਜਤ ਦੀ ਰੱਖਿਆ ਕਰੋ। ਹਿਰਦੇ ਦੀ ਸਰਲਤਾ ਦਾ ਪ੍ਰਗਟਾਵਾ ਕਰਦਿਆ ਪ੍ਰਭੂ ਦੇ ਚਰਨਾ ਵਿੱਚ ਅਰਦਾਸ ਹੈ ਕਿ ਮੇਰੇ ਹਿਰਦੇ ਵਿੱਚ ਜਿਹੜਾ ਮੌਤ ਦਾ ਭਰਮ ਹੈ, ਉਸ ਤੋਂ ਬਚਨ ਲਈ ਮੈਂ ਤੇਰੀ ਸ਼ਰਨ ਫੜੀ ਹੋਈ ਹੈ।

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥
ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ
ਕਿਰਪਾ ਨਿਧਿ ਤੇਰੀ ॥੧॥ ਰਹਾਉ॥ ਜੈਤਸਰੀ (ਮਃ ੯)-ਅੰਗ ੭੦੩

ਅੰਤ ਵਿੱਚ ਅਕਾਲ ਪੁਰਖ ਅੱਗੇ ਅਰਦਾਸ ਕਰੀਏ ਕਿ ਹੇ ਸਤਿਗੁਰੂ ਅਪਣੀ ਕ੍ਰਿਪਾ ਕਰ, ਬਖਸ਼ਿਸ਼ ਕਰ, ਸਾਨੂੰ ਸੰਸਾਰੀ ਮਨੁਖਾਂ ਨੂੰ ਅਪਣੇ ਉਪਦੇਸ਼ ਗ੍ਰਹਿਣ ਕਰਨ ਦੀ ਸਮਰਥਾ, ਸੋਝੀ ਪ੍ਰਦਾਨ ਕਰ ਤਾਂ ਜੋ ਗੁਰੂ ਤੇਗ ਬਹਾਦੁਰ ਜੀ ਆਪ ਜੀ ਦਾ 400 ਸਾਲਾਂ ਪ੍ਰਕਾਸ਼ ਪੁਰਬ ਮਨਾਇਆ ਸਫਲ ਹੋ ਜਾਵੇ ।

# LIFE HISTORY : GURU TEGH BAHADUR JI

Mrs.Gaganpreet Kaur

**" When the Almighty manifests Himself in human form, he takes the whole human race in His loving Embrace. This God like warmth of the Divine Incarnate flows out to the whole creation and yearns for universal welfare and redemption. This Nectar of Grace and Love flowed from the Beneficient, All Loving "GURU TEGH BAHADUR" to 500 Pandits of Kashmir and through them to a whole religion, a whole nation. He, being the Jagat Guru, belongs to all, the whole Universe. The love and mercy of a Prophet, a Messiah, a Jagat Guru is impartial, it knows no difference. It showers like rain on all alike."**

## Early Life :-

Guru Tegh Bahadur Ji ( April 1621 - November 1675) was born in Amritsar, Punjab, India in 1621. He was the youngest son of Guru Hargobind Sahib Ji, the sixth Sikh Guru, Master of Miri and Piri. His mother's name was Mata Nanaki. He had five siblings : Baba Gurditta, Baba Suraj Mal, Baba Ani Rai, Baba Atal Rai and sister Bibi Veero Ji.

